## ਵੇਦਾਂਤਾ ਕੰਪਨੀ ਵਲੋਂ ਸਕੂਲ 'ਚ ਪੰਜ ਦਿਨਾ ਸਮਰ ਕੈਂਪ

# ਕੈਂਪ 'ਚ ਬੱਚਿਆਂ ਨੂੰ ਬਿਜਲੀ ਦੀ ਦੁਰਵਰਤੋਂ ਬਾਰੇ ਦਿੱਤੀ ਜਾਣਕਾਰੀ

**ਜਾਣਕਾਰੀ**

- ਅੱਜ ਖੇਡਾਂ ਬਾਰੇ ਦਿਖਾਈ ਜਾਵੇਗੀ ਵੀਡੀਓ



ਸਮਰ ਕੈਂਪ ਦੌਰਾਨ ਬੱਚਿਆਂ ਨੂੰ ਜਾਣਕਾਰੀ ਦਿੰਦੇ ਹੋਏ ਕੰਪਨੀ ਅਧਿਕਾਰੀ। ਪੰਜਾਬੀ ਜਾਗਰਣ

**ਪੱਤਰ ਪ੍ਰੇਰਕ, ਮਾਨਸਾ** : ਪਿੰਡ ਟਾਡੀਆਂ ਦੇ ਸਰਕਾਰੀ ਸਕੂਲ ਵਿਖੇ ਵੇਦਾਂਤਾ ਕੰਪਨੀ ਵਲੋਂ ਪੰਜ ਦਿਨਾ ਸਮਰ ਕੈਂਪ ਚੱਲ ਰਿਹਾ ਹੈ, ਜਿਸ 'ਚ ਸਕੂਲੀ ਬੱਚਿਆਂ ਨੂੰ ਪੰਜ ਦਿਨ ਕੈਂਪ 'ਚ ਅਨੇਕਾਂ ਪ੍ਰਕਾਰ ਦੀ ਜਾਣਕਾਰੀ ਤੋਂ ਇਲਾਵਾ ਉਨ੍ਹਾਂ ਨੂੰ ਜ਼ਿੰਦਗੀ ਵਿਚ ਪੜ੍ਹਾਈ ਦੇ ਨਾਲ-ਨਾਲ ਆਪਣੇ ਕੈਰੀਅਰ ਦੀ ਸ਼ੁਰੂਆਤ ਕਿਸ ਤਰ੍ਹਾਂ ਕਰਨੀ ਹੈ, ਬਾਰੇ ਵੀ ਭਰਪੂਰ ਜਾਣਕਾਰੀ ਦਿੱਤੀ ਜਾ ਰਹੀ ਹੈ।

ਕੈਂਪ ਦੇ ਪਹਿਲੇ ਦਿਨ ਬੱਚਿਆਂ ਨੇ ਸਕੂਲ 'ਚ ਵਾਤਾਵਰਨ ਨੂੰ ਸਾਫ ਰੱਖਣ ਲਈ ਪੌਦੇ ਲਗਾਏ ਅਤੇ ਕੰਪਨੀ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਵਾਤਾਵਰਨ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਕੰਪਨੀ ਦੇ ਅਧਿਕਾਰੀ ਅਭਿਜੀਤ ਕੁਮਾਰ, ਵਿਕਾਸ ਬਾਂਸਲ, ਸੌਰਭ ਮਲਿਕ, ਡਾਕਟਰ ਵਿਸ਼ਾਲ ਅਗਰਵਾਲ ਆਦਿ ਨੇ ਬੱਚਿਆਂ ਨੂੰ ਅਨੇਕਾਂ ਪ੍ਰਕਾਰ ਦੀਆਂ ਖੇਡਾਂ ਦੇ ਨਾਲ ਗਰੀਟਿੰਗ ਕਾਰਡ ਬਣਾਉਣਾ ਵੀ ਸਿਖਾਇਆ।

ਡਾਕਟਰ ਵਿਸ਼ਾਲ ਅਗਰਵਾਲ, ਪ੍ਰੀਤੀ ਜੌਹਲ ਨੇ ਦੱਸਿਆ ਕਿ ਕੰਪਨੀ ਵਲੋਂ ਛੁੱਟੀਆਂ 'ਚ ਚਲਾਏ ਸਕੂਲ ਦੇ ਨਾਲ ਬੱਚਿਆਂ ਦਾ ਕੈਂਪ ਵੀ ਲਗਾਇਆ ਜਾ ਰਿਹਾ ਹੈ, ਜਿਸ 'ਚ ਬੱਚਿਆਂ ਨੂੰ ਸਿੱਖਿਆ ਸਬੰਧੀ, ਸਮਾਜ 'ਚ ਵਿਚਰਨ ਬਾਰੇ ਭਰਪੂਰ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 22 ਜੂਨ ਨੂੰ ਬੱਚਿਆਂ ਨੂੰ ਵੀਡੀਓ ਦਿਖਾਈ ਜਾਵੇਗੀ। ਇਸ ਮੌਕੇ ਅਧਿਆਪਕ ਕੁਲਵੰਤ ਸਿੰਘ, ਨਵਪ੍ਰੀਤ ਕੌਰ ਤੋਂ ਇਲਾਵਾ ਸਕੂਲੀ ਬੱਚੇ ਹਾਜ਼ਰ ਸਨ।